# 20
# ਯਹੂਦੀਆਂ ਨੇ ਯਿਸੂ ਨੂੰ ਕਿਉਂ ਠੁਕਰਾਇਆ

''ਸਲੀਬ ਦਿਓ!''; ''ਉਹਦਾ ਲਹੂ ਸਾਡੇ ਉੱਤੇ ਅਤੇ ਸਾਡੀ ਸੰਤਾਨ ਉੱਤੇ ਪਵੇ!'' (ਮੱਤੀ 27:22, 25)। ਪੂਰੇ ਇਤਿਹਾਸ ਵਿਚ ਆਪਣੇ ਹੀ ਲੋਕਾਂ ਵੱਲੋਂ ਯਿਸੂ ਨੂੰ ਠੁਕਰਾਉਣ ਦੀ ਕੋਈ ਮਿਸਾਲ ਨਹੀਂ ਹੈ। ਅਸੀਂ ਇਸ ਹੱਦ ਨੂੰ ਕੀ ਆਖ ਸਕਦੇ ਹਾਂ? ਯਹੂਦੀ ਲੋਕ ਆਪਣੇ ਮਸੀਹਾ ਦੀ ਰਾਹ ਵੇਖ ਰਹੇ ਸਨ, ਪਰ ਜਦ ਉਹ ਆ ਗਿਆ ਤਾਂ ਉਨ੍ਹਾਂ ਉਹਨੂੰ ਕਿਉਂ ਠੁਕਰਾ ਦਿੱਤਾ?

## ਉਹਨੇ ਉਨ੍ਹਾਂ ਨੂੰ ਨਿਰਾਸ਼ ਕੀਤਾ

ਯਿਸੂ ਯਹੂਦੀਆਂ ਲਈ ਨਿਰਾਸ਼ਾ ਸੀ। ਉਨ੍ਹਾਂ ਉਹਦੇ ਆਉਣ ਤੋਂ ਪਹਿਲਾਂ ਹੀ ਮਸੀਹਾ ਦੇ ਬਾਰੇ ਆਪਣੇ ਵਿਚਾਰ ਬਣਾ ਲਏ ਸਨ। ਉਨ੍ਹਾਂ ਨੇ ਸਾਂਚਾ ਤਿਆਰ ਕਰ ਲਿਆ ਸੀ ਅਤੇ ਉਡੀਕ ਕਰ ਰਹੇ ਸਨ। ਜਦ ਉਹਨੇ ਉਨ੍ਹਾਂ ਦੇ ਸਾਂਚੇ ਵਿਚ ਢਲਣ ਤੋਂ ਨਾਂਹ ਕਰ ਦਿੱਤੀ ਤਾਂ ਉਹ ਬੜੇ ਪਰੇਸ਼ਾਨ ਹੋ ਗਏ। ਪੁਰਾਣੇ ਨੇਮ ਵਿਚ ਉਨ੍ਹਾਂ ਆਉਣ ਵਾਲੇ ਰਾਜੇ ਬਾਰੇ ਨਬੂਵਤਾਂ ਪੜ੍ਹੀਆਂ ਸਨ ਜਿਹਨੇ ਦਾਊਦ ਦੀ ਗੱਦੀ ਤੇ ਬੈਠਣਾ ਸੀ ਅਤੇ ਉਨ੍ਹਾਂ ਨੇ ਇਨ੍ਹਾਂ ਨਬੂਵਤਾਂ ਦਾ ਅਰਥ ਮੂਲ ਸ਼ਬਦਾਂ ਮੁਤਾਬਿਕ ਕੱਢ ਲਿਆ ਸੀ। ਉਨ੍ਹਾਂ ਨੂੰ ਇਕ ਦੁਨਿਆਵੀ ਬਾਦਸ਼ਾਹ ਦੇ ਆਉਣ ਦੀ ਉਮੀਦ ਸੀ। ਇਕ ਵਾਰ ਯਿਸੂ ਉਨ੍ਹਾਂ ਤੋਂ ਇਸ ਕਰਕੇ ''ਲੁਕਿਆ'' (ਯੂਹੰਨਾ 8:59) ਸੀ ਕਿਉਂਕਿ ਉਹ ਉਹਨੂੰ ਧੱਕੇ ਨਾਲ ਰਾਜਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਨ (ਯੂਹੰਨਾ 6:15)। ਰਾਜ ਦੀ ਇਹ ਗ਼ਲਤ ਧਾਰਨਾ ਚੇਲਿਆਂ ਵਿਚ ਵੀ ਸੀ। ਉਹ ਇਸ ਗੱਲ ਤੇ ਝਗੜਦੇ ਰਹਿੰਦੇ ਹਨ ਕਿ ਰਾਜ ਵਿਚ ਵੱਡਾ ਕੌਣ ਹੋਵੇਗਾ। ਯਿਸੂ ਦੀ ਮੌਤ ਦੇ ਬਾਅਦ, ਚੇਲਿਆਂ ਨੇ ਸੋਗ ਕੀਤਾ, ''ਸਾਨੂੰ ਉਮੀਦ ਸੀ ਕਿ ਇਹੀ ਇਸਰਾਏਲ ਨੂੰ ਛੁਟਕਾਰਾ ਦੇਵੇਗਾ'' (ਲੂਕਾ 24:21)। ਰਸੂਲਾਂ ਦੇ ਕੰਮ 1 ਅਧਿਆਇ ਦੀ ਗੱਲਬਾਤ ਤੋਂ ਪਤਾ ਲਗਦਾ ਹੈ ਕਿ ਚੇਲੇ ਯਿਸੂ ਦੇ ਜੀ ਉੱਠਣ ਦੇ ਬਾਅਦ ਵੀ ਰਾਜ ਨੂੰ ਸਮਝੇ ਨਹੀਂ ਸਨ।

ਜਦ ਯਿਸੂ ਦੇ ਉਨ੍ਹਾਂ ਨੂੰ ਦੱਸਣ ਤੇ ਕਿ ਉਹਦਾ ਰਾਜ ਇਸ ਜਗਤ ਦਾ ਨਹੀਂ ਹੈ, ਯਹੂਦੀ ਲੋਕ ਦੁਖੀ ਹੋ ਗਏ। ਉਹਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਕੈਸਰ ਦਾ ਉਹਦੇ ਨਾਲ ਕੋਈ ਟਕਰਾਅ ਨਹੀਂ ਸੀ। ਪਰ ਉਹ ਅਜਿਹਾ ਰਾਜ ਹੀ ਚਾਹੁੰਦੇ ਸਨ। ਉਨ੍ਹਾਂ ਨੇ ਪਹਿਲਾਂ ਹੀ ਤੈਅ ਕਰ ਲਿਆ ਸੀ ਕਿ ਭਾਵ ਉਨ੍ਹਾਂ ਨੇ *ਧਾਰਨਾ* ਬਣਾ ਲਈ ਸੀ। ਯਿਸੂ ਨੂੰ ਕਬੂਲ ਕਰਨ ਲਈ ਮੁਤਅੱਸਬ ਅੱਜ ਵੀ ਰੁਕਾਵਟ ਪਾਉਂਦਾ ਹੈ। ਉਨ੍ਹਾਂ ਉਹਦੀ ਗੱਲ ਨੂੰ ਪਰਖਣ ਤੋਂ ਪਹਿਲਾਂ ਹੀ ਆਪਣੇ ਮਨਾਂ

ਵਿਚ ਧਾਰ ਲਿਆ ਸੀ ਕਿ ਕੀ ਕਰਨਾ ਹੈ ਭਾਵ ਇਹ ਕਿ ਜੇ ਉਹ ਉਨ੍ਹਾਂ ਦੀਆਂ ਉਮੀਦਾਂ 'ਤੇ ਖਰਾ ਨਾ ਉੱਤਰਿਆ ਤਾਂ ਉਹ ਉਸ ਤੋਂ ਮੂੰਹ ਮੋੜ ਲੈਣਗੇ।

## ਉਹਨੇ ਉਨ੍ਹਾਂ ਦੇ ਭੌਤਿਕਵਾਦ ਦੀ ਨਿੰਦਿਆ ਕੀਤੀ

ਯਿਸੂ ਨੇ ਭੌਤਿਕਵਾਦੀ ਸੋਚ ਅਤੇ ਜੀਵਨ ਦੀ ਨਿੰਦਿਆ ਕੀਤੀ ਅਤੇ ਲੋਕ ਆਪਣੀ ਜੀਵਨ ਸ਼ੈਲੀ 'ਤੇ ਹੋਏ ਹਮਲੇ ਤੋਂ ਨਰਾਜ਼ ਹੋ ਗਏ। ਅਸੀਂ ਯਿਸੂ ਦੇ ਗਲੀਲ ਦੀ ਝੀਲ ਨੂੰ ਪਾਰ ਕਰਦੇ ਅਤੇ ਗਿਰਾਸੇਨੀਆਂ ਦੇ ਦੇਸ਼ ਨੂੰ ਜਾਣ ਬਾਰੇ ਪੜ੍ਹਦੇ ਹਾਂ (ਲੂਕਾ 8:26-39; ਮਰਕੁਸ 5:1-20)। ਇਕ ਆਦਮੀ ਜਿਸ ਵਿਚ ਕਈ ਬਦਰੂਹਾਂ ਸਨ ਬੇੜੀ ਵਿਚ ਉਨ੍ਹਾਂ ਨੂੰ ਮਿਲਿਆ। ਯਿਸੂ ਨੇ ਉਸ ਆਦਮੀ ਨੂੰ ਚੰਗਾ ਕਰ ਦਿੱਤਾ ਅਤੇ ਬਦਰੂਹਾਂ ਨੂੰ ਸੂਰਾਂ ਦੇ ਝੁੰਡ ਵਿਚ ਘੱਲ ਦਿੱਤਾ। ਸੂਰਾਂ ਦੇ ਡੁੱਬ ਜਾਣ 'ਤੇ ਉਨ੍ਹਾਂ ਦੇ ਮਾਲਕਾਂ ਨੇ ਯਿਸੂ ਨੂੰ ਦੇਸ਼ ਛੱਡ ਦੇਣ ਲਈ ਕਿਹਾ। ਦੋ ਹਜ਼ਾਰ ਸੂਰਾਂ ਦਾ ਨੁਕਸਾਨ ਬਹੁਤ ਵੱਡਾ ਨੁਕਸਾਨ ਸੀ! ਉਨ੍ਹਾਂ ਲਈ ਇਸ ਗੱਲ ਦੀ ਕੋਈ ਅਹਿਮੀਅਤ ਨਹੀਂ ਸੀ ਕਿ ਇਸ ਆਦਮੀ ਨੇ ਹੋਸ਼ ਵਿਚ ਆ ਕੇ ਕੱਪੜੇ ਪਾਏ ਸਨ।

ਯਿਸੂ ਦੀਆਂ ਸਿੱਖਿਆਵਾਂ ਤੋਂ ਭੌਤਿਕਵਾਦ ਅਤੇ ਵਿਖਾਵੇ ਦੀ ਰੂਹਾਨੀਅਤ ਵਿਚ ਕਮੀ ਆ ਗਈ। ਯਿਸੂ ਨੇ ਧਨ ਦੀ ਖੋਜ ਦੇ ਫ਼ਜ਼ੂਲਪੁਣੇ ਬਾਰੇ ਬਹੁਤ ਕੁਝ ਕਹਿਣਾ ਸੀ। ਉਹਨੇ ਵਿਚਾਰਨ ਯੋਗ ਸਵਾਲ ਉਠਾਏ ਕਿ ''ਮਨੁੱਖ ਨੂੰ ਕੀ ਲਾਭ ਜੇ ਸਾਰੇ ਜਗਤ ਨੂੰ ਕਮਾਵੇ ਪਰ ਆਪਣੀ ਜਾਨ ਦਾ ਨੁਕਸਾਨ ਕਰੇ? ਅਥਵਾ ਮਨੁੱਖ ਆਪਣੀ ਜਾਨ ਦੇ ਬਦਲੇ ਕੀ ਦੇਵੇਗਾ?'' (ਮੱਤੀ 16:26)। ਉਹਨੇ ਜ਼ੋਰ ਦੇ ਕੇ ਕਿਹਾ ਕਿ ਰੂਹਾਨੀ ਸਬੰਧ ਜਿਸਮਾਨੀ ਸਬੰਧਾਂ ਨਾਲੋਂ ਮਜ਼ਬੂਤ ਹੈ ਅਤੇ ਜਿਸਮ ਨਾਲੋਂ ਰੂਹ ਨੂੰ ਅਹਿਮੀਅਤ ਦਿੱਤੀ ਜਾਣੀ ਚਾਹੀਦੀ ਹੈ। ਉਹਨੇ ਸਿਖਾਇਆ ਕਿ ਸਵਰਗ ਦਾ ਰਾਜ ਧਰਤੀ ਦੇ ਰਾਜਾਂ ਨਾਲੋਂ ਬੇਹਤਰ ਹੈ ਅਤੇ ਖ਼ੁਦਾ ਕੈਸਰ ਤੋਂ ਉੱਪਰ ਹੈ। ਜ਼ਿੰਦਗੀ ਨੂੰ ਮਾਸ ਅਤੇ ਲਹੂ ਮੰਨਣ ਦੇ ਚਾਹਵਾਨ ਲੋਕਾਂ ਨੇ ਉਹਨੂੰ ਕਬੂਲ ਨਹੀਂ ਕਰਨਾ ਸੀ! ਅੱਜ ਵੀ ਉਨ੍ਹਾਂ ਲੋਕਾਂ ਵਿਚ ਕੋਈ ਫ਼ਰਕ ਨਹੀਂ ਹੈ। ਖ਼ੁਦਾ ਨਾਲੋਂ ਵੱਧ ਚੀਜ਼ਾਂ ਨੂੰ ਪਿਆਰ ਕਰਨ ਵਾਲਿਆਂ ਲਈ ਮਸੀਹ ਦੀਆਂ ਸਿੱਖਿਆਵਾਂ ਠੋਕਰ ਹਨ ਅਤੇ ਉਹ ਉਹਨੂੰ ਠੁਕਰਾ ਦਿੰਦੇ ਹਨ!

## ਉਹਨੇ ਉਨ੍ਹਾਂ ਦੀਆਂ ਰਵਾਇਤਾਂ ਦੀ ਨਿੰਦਿਆ ਕੀਤੀ

ਯਿਸੂ ਨੇ ਆਪਣੇ ਸਮੇਂ ਦੀਆਂ ਧਾਰਮਿਕ ਰੀਤਾਂ ਰਿਵਾਜ਼ਾਂ ਦੀ ਨਿੰਦਿਆਂ ਕੀਤੀ। ਫ਼ਰੀਸੀ ਅਤੇ ਸਦੂਕੀ ਯਹੂਦੀ ਫ਼ਿਰਕਿਆਂ ਵਿਚ ਸਭ ਤੋਂ ਪ੍ਰਸਿੱਧ ਸਨ। ਯਿਸੂ ਨੇ ਉਨ੍ਹਾਂ 'ਤੇ ਦੋਸ਼ ਲਗਾਇਆ ਕਿ ਉਨ੍ਹਾਂ ਦੇ ਮਨ ਤਾਂ ਖ਼ੁਦਾ ਤੋ ਦੂਰ ਹਨ ਪਰ ਬੁੱਲ੍ਹਾਂ ਨਾਲ ਉਹ ਉਹਦੀ ਬੰਦਗੀ ਕਰਦੇ ਹਨ। ਉਹਨੇ ਉਨ੍ਹਾਂ ਦੀ ਬੰਦਗੀ ਨੂੰ ਵਿਅਰਥ ਵਿਚ ਕੀਤੀ ਗਈ ਬੰਦਗੀ ਕਿਹਾ। ਕਿਉਂਕਿ ਇਹ ਮਨੁੱਖਾਂ ਦੇ ਹੁਕਮ ਮੁਤਾਬਕ ਸੀ (ਮਰਕੁਸ 7:6-7)। ਉਹਨੇ ਉਨ੍ਹਾਂ ਨੂੰ ਕਪਟੀ ਆਖਿਆ।

ਯਹੂਦੀ ਲੋਕਾਂ ਨੂੰ ਯਿਸੂ ਦੇ ਆਉਣ ਕਰਕੇ ਠੋਕਰ ਲੱਗੀ ਸੀ, ਪਰ ਉਨ੍ਹਾਂ ਦਾ ਸਭ ਤੋਂ ਵੱਡਾ ਇਤਰਾਜ਼ ਉਸ ਵੱਲੋਂ ਸਿਖਾਈਆਂ ਗਈਆਂ ਵਿਹਾਰਕ ਸੱਚਾਈਆਂ ਸਨ। ਉਹਦੀਆਂ ਬਹੁਤ ਸਾਰੀਆਂ ਸੱਚਾਈਆਂ ਕ੍ਰਾਂਤੀਕਾਰੀ ਸਨ। ਉਨ੍ਹਾਂ ਨੂੰ ਸਾਹਮਣੇ ਲਿਆਉਣ ਕਰਕੇ ਹੀ ਲੋਕਾਂ ਨੂੰ ਉਸ ਤੋਂ ਠੋਕਰ ਲੱਗੀ ਸੀ ਕਿਉਂਕਿ ਉਹ ਬਦਲਣ ਨੂੰ ਤਿਆਰ ਨਹੀਂ ਸਨ। ਉਹਦੀਆਂ ਗੱਲਾਂ ਅੱਜ ਵੀ ਅੱਗ ਲਗਾਉਣ ਵਾਲੀਆਂ ਹਨ। ਯਿਸੂ ਦੀਆਂ ਸਿੱਖਿਆਵਾਂ ਦਾ ਇਕ ਉਦੇਸ਼ ਮਨੁੱਖ ਵੱਲੋਂ ਬਣਾਏ ਗਏ ਧਾਰਮਿਕ ਰਿਵਾਜ਼ਾਂ ਨੂੰ ਜੜ੍ਹੋਂ ਪੁੱਟਣਾ ਸੀ ਜਿਨ੍ਹਾਂ ਵਿਚ ਭਾਂਤ-ਭਾਂਤ ਦੀਆਂ ਰੀਤਾਂ,

ਅਡੰਬਰ ਅਤੇ ਵਿਖਾਵੇ ਸਨ। ਯਹੂਦੀਆਂ ਦੀਆਂ ਧਾਰਮਿਕ ਰਵਾਇਤਾਂ ਦੀ ਨਿੰਦਿਆ ਕਾਰਣ, ਉਨ੍ਹਾਂ ਨੇ ਯਿਸੂ ਨੂੰ ਠੁਕਰਾ ਦਿੱਤਾ ਸੀ।

ਗ਼ਲਤ ਨੂੰ ਗ਼ਲਤ ਕਹਿਣ 'ਤੇ ਅੱਜ ਵੀ ਲੋਕ ਠੋਕਰ ਖਾਂਦੇ ਹਨ। ਲਗਦਾ ਨਹੀਂ ਕਿ ਉਹ ਸੋਚ ਸਕਦੇ ਹਨ ਕਿ ਕਿਸੇ ਵਿਅਕਤੀ ਵਿਚ ਮਸੀਹ ਦਾ ਮਨ ਹੋਵੇ ਅਤੇ ਉਹ ਆਧੁਨਿਕ ਧਾਰਮਿਕ ਸਿੱਖਿਆ ਜਾਂ ਵਿਹਾਰ ਦੀ ਅਲੋਚਨਾ ਕਰਨ ਵਾਲਾ ਹੋਵੇ। ਪਰ ਮਸੀਹ ਵਰਗਾ ਬਣਨ ਲਈ ਗ਼ਲਤ ਸਿੱਖਿਆ ਦੀ ਨਿੰਦਿਆ ਕਰਨ ਵਾਲਾ ਹੋਣਾ ਜ਼ਰੂਰੀ ਹੈ! ਕਈਆਂ ਨੂੰ ਲਗਦਾ ਹੈ ਕਿ ਮਸੀਹ ਵਰਗਾ ਮਨ ਹੋਣ ਦਾ ਮਤਲਬ ਐਨਾ ਚੰਗਾ ਵਿਖਾਈ ਦੇਣਾ ਹੈ ਕਿ ਕਿਸੇ ਵੀ ਗੱਲ ਨਾਲ ਅਸਹਿਮਤੀ ਨਾ ਹੋਵੇ, ਪਰ ਮਸੀਹ ਦੇ ਮਨ ਬਾਰੇ ਇਹ ਧਾਰਨਾ ਗ਼ਲਤ ਹੈ!

## ਉਹ ਐਨਾ ਦੀਨ ਸੀ ਕਿ ਉਨ੍ਹਾਂ ਨੂੰ ਪਸੰਦ ਨਹੀਂ ਆਇਆ

ਯਹੂਦੀਆਂ ਨੇ ਯਿਸੂ ਨੂੰ ਉਹਦੇ ਦੀਨ ਪਰਿਵਾਰ ਵਿੱਚੋਂ ਹੋਣ ਅਤੇ ਉਹਦੀ ਸਾਦਗੀ ਕਰਕੇ ਠੁਕਰਾਇਆ ਸੀ। ਉਨ੍ਹਾਂ ਕਦੇ ਸੋਚਿਆ ਹੀ ਨਹੀਂ ਸੀ ਕਿ ਉਹ ਨਾਸਰਤ ਵਿੱਚੋਂ ਹੋਵੇਗਾ। ਰਾਜਾ ਬਣਨ ਲਈ ਉਹਨੂੰ ਉਨ੍ਹਾਂ ਨੂੰ ਉਹਦੇ ਬੈਤਲਹਮ ਵਿਚ ਪੈਦਾ ਹੋਣ ਦੀ ਉਮੀਦ ਨਹੀਂ ਸੀ। ਜਦ ਯਿਸੂ ਮੋਅਜਜ਼ੇ ਕਰਦਾ ਹੋਇਆ ਆਪਣੇ ਦੇਸ਼ ਵਿਚ ਆਇਆ ਤਾਂ ਲੋਕ ਪੁੱਛਣ ਲੱਗੇ, ''ਭਲਾ ਇਹ ਤਰਖਾਣ ਦਾ ਪੁੱਤਰ ਨਹੀਂ?'' (ਮੱਤੀ 13:55ੳ)। ਯਿਸੂ ਬਹੁਤ ਹੀ ਸਪੱਸ਼ਟ ਅਤੇ ਹਲੀਮ ਸੀ!

ਲੋਕਾਂ ਦੇ ਵਿਸ਼ਵਾਸ ਨੂੰ ਪਰਖਣ ਲਈ ਯਿਸੂ ਨੇ ਉਨ੍ਹਾਂ ਨੂੰ ਕਰਨ ਲਈ ਕੁਝ ਅਸਾਨ ਕੰਮ ਦਿੱਤੇ ਸਨ। ਉਦਾਹਰਣ ਲਈ ਯੂਹੰਨਾ 9:6, 7 ਵਿਚ ਉਹਨੇ ਅੰਨ੍ਹੇ ਮੰਗਤੇ ਨੂੰ ਜਾ ਕੇ ਆਪਣੀਆਂ ਅੱਖਾਂ ਤੋਂ ਮਿੱਟੀ ਧੋਣ ਲਈ ਆਖਿਆ। ਪੌਲੁਸ ਨੇ ਤਸਦੀਕ ਕੀਤੀ ਕਿ ਖ਼ੁਦਾ ਨੇ ਸੰਸਾਰ ਦੇ ਮੂਰਖਾਂ ਨੂੰ ਚੁਣ ਲਿਆ ਤਾਂ ਜੋ ਬੁੱਧਵਾਨਾਂ ਨੂੰ ਸ਼ਰਮਿੰਦਾ ਕਰੇ (1 ਕੁਰਿੰਥੀਆਂ 1:27, 28)।

ਪੁਰਾਣੇ ਨੇਮ ਵਿਚ ਇਸੇ ਸਿਧਾਂਤ ਦੀ ਇਕ ਜ਼ਬਰਦਸਤ ਉਦਾਹਰਣ ਨਾਮਾਨ ਦੀ ਕਹਾਣੀ ਹੈ (2 ਰਾਜਿਆਂ 5)। ਨਬੀ ਨੇ ਨਾਮਾਨ ਨੂੰ ਕੋੜ੍ਹ ਤੋਂ ਚੰਗਾ ਹੋਣ ਲਈ ਕੁਝ ਕਰਨ ਲਈ ਕਿਹਾ ਤਾਂ ਭਲਾ ਉਹ ਨਰਾਜ਼ ਕਿਉਂ ਹੋ ਗਿਆ ਸੀ? ਸ਼ਾਇਦ ਉਹ ਕੰਮ ਨੂੰ ਕਰਨ ਦੀ ਸਾਦਗੀ ਕਰਕੇ ਜੋ ਉਹਨੂੰ ਕਿਹਾ ਗਿਆ ਸੀ। ਉਹਨੇ ਯਰਦਨ ਦਰਿਆ ਵਿਚ ਚੁੱਭੀ ਲਾਉਣੀ ਸੀ! ਬਹੁਤਿਆਂ ਨੂੰ ਅੱਜ ਖ਼ੁਦਾ ਦਾ ਤਰੀਕਾ ਬੇਹੱਦ ਸਾਦਾ, ਬੇਹੱਦ ਅਸਾਨ ਲਗਦਾ ਹੈ, ਖ਼ਾਸ ਕਰ ਜੋ ਚਮਤਕਾਰੀ ਧਰਮ, ਤੜਕ ਭੜਕ ਵਾਲੇ ਰਾਜ ਦੀ ਲਾਲਸਾ ਰੱਖਦੇ ਹਨ। ਉਨ੍ਹਾਂ ਨੂੰ ਮਸੀਹ ਦੇ ਸਾਦਗੀ ਵਾਲੇ ਧਰਮ ਤੋਂ ਸ਼ਰਮ ਆਉਂਦੀ ਹੈ! ਜੇ ਮਸੀਹ ਇਸ ਧਰਤੀ ਤੇ ਹੋਵੇ ਤਾਂ ਉਹ ਉਸ ਤੋਂ ਵੀ ਸ਼ਰਮਾਉਣ। ਇਹ ਇਕ ਖ਼ਾਸ ਕਾਰਣ ਹੈ ਕਿ ਮਸੀਹ ਦੇ ਧਰਮ ਵਿਚ ਬਹੁਤ ਸਾਰੇ ਲੋਕ ਰਲਾ ਪਾ ਦਿੰਦੇ ਹਨ ਅਤੇ ਇਸੇ ਕਰਕੇ ਬਹੁਤੇ ਇਸ ਵਿੱਚੋਂ ਕੱਢ ਲੈਂਦੇ ਹਨ। ਪ੍ਰਭੂ ਭੋਜ ਦੀ ਸਾਦਗੀ ਕਰਕੇ ਬਹੁਤ ਸਾਰੇ ਲੋਕ ਇਸਨੂੰ ਲੈਣੋ ਨਾਂਹ ਕਰਦੇ ਹਨ। ਬਹੁਤ ਸਾਰੇ ਲੋਕਾਂ ਲਈ ਬਪਤਿਸਮਾ ਐਨੀ ਮੂਰਖਤਾ ਭਰੀ ਗੱਲ ਲਗਦੀ ਹੈ ਕਿ ਉਹ ਮਸੀਹ ਤੋਂ ਫਿਰ ਕੇ ਉਹਨੂੰ ਨਕਾਰ ਦਿੰਦੇ ਹਨ। ਖ਼ੁਦਾ ਨੂੰ ਖ਼ੁਸ਼ ਕਰਨ ਲਈ ਕਦੇ ਵੀ ਉਸ ਸਾਦਗੀ ਤੋਂ ਜੋ ਮਸੀਹ ਵਿਚ ਹੈ, ਅੱਕੋ ਨਾ। ਪੌਲੁਸ ਨੇ ਮਸੀਹੀ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ''ਤੁਹਾਡੇ ਮਨ ਉਸ ਸਾਦਗੀ ਅਤੇ ਪਵਿੱਤਰਤਾਈ ਤੋਂ ਜੋ ਮਸੀਹ ਦੀ ਵੱਲ ਹੈ ਵਿਗਾੜ'' (2 ਕੁਰਿੰਥੀਆਂ 11:3) ਨਾ ਦਿੱਤੇ ਜਾਣ।

## ਸਾਰ

ਭਲਾ ਅਸੀਂ ਆਪਣੇ ਲਈ ਯਿਸੂ ਅਤੇ ਉਹਦੀ ਇੱਛਾ ਨੂੰ ਠੁਕਰਾ ਦਿੱਤਾ ਹੈ? ਭਲਾ ਉਹ ਸਾਡੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਨਾਕਾਮ ਹੈ? ਭਲਾ ਅਸੀਂ ਦੁਖੀ ਹਾਂ ਕਿ ਉਹ ਸਾਡੇ ਭੌਤਿਕਵਾਦ ਅਤੇ ਮਨੁੱਖਾਂ ਦੀਆਂ ਬਣਾਈਆਂ ਗਈਆਂ ਧਾਰਮਿਕ ਰਵਾਇਤਾਂ ਦੀ ਨਿੰਦਿਆ ਕਰਦਾ ਹੈ? ਭਲਾ ਅਸੀਂ ਉਹਦੀ ਉਸ ਸਾਦਗੀ ਨੂੰ ਨਕਾਰਿਆ ਹੈ ਜਿਸ ਵਿਚ ਉਹ ਸਾਨੂੰ ਕੰਮ ਕਰਨ ਲਈ ਕਹਿੰਦਾ ਹੈ? ਸਾਨੂੰ ਚਾਹੀਦਾ ਹੈ ਕਿ ਅਸੀਂ ਪਹਿਲੀ ਸਦੀ ਦੇ ਯਹੂਦੀਆਂ ਵਾਂਗੂੰ ਉਹਨੂੰ ਨਾ ਠੁਕਰਾਈਏ।